ਡਾਇਰੈਕਟੋਰੇਟ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

(ਜਨਰਲ ਸਾਖਾ)

ਸੇਵਾ ਵਿਖੇ,

1) ਸਮੂਹ ਕਮਿਸਨਰ, ਨਗਰ ਨਿਗਮ,
2) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ
(ਪੰਜਾਬ ਰਾਜ ਵਿਚ)

ਯਾਦ ਪੱਤਰ ਨੰ: ਸ1-ਜਥ-ਡਸਸ-2012/21431-45
ਮਿਤੀ:- 11-07-12

ਵਿਸ਼ਾ:- ਠੇਕੇ ਉਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ।

.......

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਦਫਤਰ ਦੇ ਪੱਤਰ ਪਿੱਠ ਅੰਕਣ ਨੰ: 1/12/11-2ਸਸ4/2157 ਮਿਤੀ 11-8-2011 ਦੇ ਹਵਾਲੇ ਵਿਚ।

2. ਹਵਾਲੇ ਅਧੀਨ ਪੱਤਰ ਰਾਹੀਂ ਆਪ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਦੇ ਅੱਧ ਸਰਕਾਰੀ ਪੱਤਰ ਨੰ: 15311 ਮਿਤੀ 6-7-2011(ਕਾਪੀ ਨੱਥੀ ਹੈ) ਰਾਹੀਂ ਜਾਰੀ ਕੀਤੀਆਂ ਗਈਆ ਹਦਾਇਤਾਂ ਦੀ ਕਾਪੀ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਸੀ। ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਆਉਂਦੀਆਂ ਸਹਿਰੀ ਸਥਾਨਕ ਸੰਸਥਾਂ ਦੇ ਪ੍ਰਧਾਨਾਂ/ਕਾਰਜ ਸਾਧਕ ਅਫਸਰਾਂ ਤੋ ਇਨ੍ਹਾਂ ਹਦਾਇਤਾਂ ਦੀ ਪਾਲਣਾ/ਨੂੰ ਯਕੀਨੀ ਬਣਾਇਆ ਜਾਵੇ ਜੀ।

ਸੁਪਰਡੰਟ

ਨੱਥੀ/ਉਕਤ ਅਨੁਸਾਰ।

ਦਫਤਰ ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ, ਪਟਿਆਲਾ।

ਪਿੱਠ ਅੰਕਣ ਨੰਬਰ -ਪ.ਡ.ਸ.ਸ-12/10012-50 ਮਿਤੀ 30/7/12

ਇਹ ਕਾਪੀ ਕਾਰਜਸਾਧਕ/ਪ੍ਰਧਾਨ ਸਮੂਹ ਨਗਰ ਕੌਂਸਲਾਂ/ਨਗਰ ਪੰਚਾਇਤਾਂ/ਨਗਰ ਸੁਧਾਰ ਟਰੱਸਟਾਂ ਪਟਿਆਲਾ ਡਵੀਜ਼ਨ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰਬਰ ਪ.ਡ.ਸ.ਸ -11/14282-14320 ਮਿਤੀ 16/9/11 ਦੀ ਲਗਾਤਾਰਤਾ ਵਿਚ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਪੱਤਰ ਵਿਚ ਦਿੱਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਲੋੜੀਂਦੀ ਕਾਰਵਾਈ ਆਪਣੇ ਪੱਧਰ ਤੇ ਕਰਨੀ ਯਕੀਨੀ ਬਣਾਈ ਜਾਵੇ।

Chief Eng. (d&) 0172272893 P..

ਅ.ਸ.ਪੱ.ਨੰ:ਪ੍ਰ.ਸ/ਕਿ.ਕ/


Agrawal
ਸੀ. ਅਗਰਵਾਲ

**Chief Secretary to Govt. of Punjab**
Chandigarh - 160 001

**ਮੁੱਖ ਸਕੱਤਰ, ਪੰਜਾਬ ਸਰਕਾਰ**
ਚੰਡੀਗੜ੍ਹ - 160 001

Phone/ਫੋਨ : 0172-2740156, 2740860
Fax/ਫੈਕਸ : 2742488
E mail : cs@punjab.gov.in


ਮਿਤੀ, ਚੰਡੀਗੜ੍ਹ: 6/7/11

ਵਿਸ਼ਾ:- ਠੇਕੇ ਉਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ।

ਪਿਆਰੇ ਪ੍ਰਬੰਧਕੀ ਸਕੱਤਰ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੇਰੇ ਧਿਆਨ ਵਿੱਚ ਇਹ ਗੱਲ ਆਈ ਹੈ ਕਿ ਸਰਕਾਰੀ ਦਫਤਰਾਂ
ਵਿੱਚ ਠੇਕੇ ਤੇ ਕੰਮ ਕਰਵਾਉਣ ਵੇਲੇ ਜੋ ਕੁਟੇਸ਼ਨਾਂ ਮੰਗੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਆਮ ਤੌਰ ਤੇ ਉਸ
ਠੇਕੇਦਾਰ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਸ ਨੇ ਸਭ ਤੋਂ ਘੱਟ ਰੇਟ ਭਰੇ ਹੁੰਦੇ ਹਨ, ਪਰ ਇਸ ਗੱਲ ਵੱਲ
ਧਿਆਨ ਨਹੀਂ ਦਿੱਤਾ ਜਾਂਦਾ ਕਿ ਉਸ ਰੇਟ ਤੇ ਠੇਕੇਦਾਰ ਵੱਲੋਂ ਕਿਰਤੀਆਂ/ਕਰਮਚਾਰੀਆਂ ਨੂੰ ਕਿਰਤ ਕਾਨੂੰਨ
ਅਨੁਸਾਰ ਉਨ੍ਹਾਂ ਦੀ ਘੱਟੋ ਘੱਟ ਉਜ਼ਰਤ ਅਤੇ ਹੋਰ ਕਾਨੂੰਨੀ ਲਾਭ ਜਿਵੇਂ ਕਿ ਪ੍ਰੋਵੀਡੈਂਟ ਫੰਡ ਅਤੇ
ਈ.ਐਸ.ਆਈ. ਦੀ ਸਹੂਲਤ ਵੀ ਦਿੱਤੀ ਜਾਣੀ ਹੁੰਦੀ ਹੈ। ਨਤੀਜੇ ਵਜੋਂ ਸਹਿਵਿਸ ਪ੍ਰੋਵਾਈਡਰ ਨਾਲ ਘੱਟ ਰੇਟ
ਤੇ ਇਕਰਾਰ ਹੋਣ ਕਾਰਣ ਉਹ ਕਿਰਤੀਆਂ ਦਾ ਨਾ ਤਾਂ ਪ੍ਰੋਵੀਡੈਂਟ ਫੰਡ ਅਤੇ ਨਾ ਈ.ਐਸ.ਆਈ. ਅੰਸ਼ਦਾਨ
ਸਬੰਧਤ ਵਿਭਾਗਾਂ ਪਾਸ ਜਮ੍ਹਾਂ ਕਰਾਉਂਦਾ ਹੈ, ਜਿਸ ਨਾਲ ਕਿਰਤੀਆਂ ਨੂੰ ਇਨ੍ਹਾਂ ਕਿਰਤ ਕਾਨੂੰਨਾਂ ਦਾ ਲਾਭ ਨਹੀਂ
ਮਿਲਦਾ। ਬਹੁਤ ਵਾਰੀ ਤਾਂ ਠੇਕੇਦਾਰ ਕਿਰਤੀਆਂ ਨੂੰ ਸਰਕਾਰ ਵੱਲੋਂ ਨਿਰਧਾਰਤ ਪੂਰੀ ਉਜਰਤ ਵੀ ਨਹੀਂ ਦਿੰਦਾ
ਤੇ ਨਾ ਹੀ ਉਹ ਕਿਰਤੀਆਂ ਦਾ ਬਣਦਾ ਬੋਨਸ, ਗਰੈਚੂਟੀ, ਮੈਟਰਨਿਟੀ ਲੀਵ ਤੇ ਹੋਰ ਛੁੱਟੀਆਂ ਆਦਿ ਦਿੰਦਾ
ਹੈ। ਇਸ ਤਰ੍ਹਾਂ ਉਸ ਵੱਲੋਂ ਕਿਰਤੀਆਂ ਦਾ ਸੋਸ਼ਣ ਕਰਕੇ ਕਿਰਤ ਕਾਨੂੰਨਾਂ ਦੀ ਘੋਰ ਉਲੰਘਣਾ ਕੀਤੀ ਜਾਂਦੀ ਹੈ।

2. ਵੱਖ ਵੱਖ ਕਿਰਤ ਕਾਨੂੰਨਾਂ ਅਧੀਨ ਕਿਰਤੀਆਂ ਨੂੰ ਜੋ ਲਾਭ ਉਨ੍ਹਾਂ ਦੀ ਪਾਤਰਤਾ ਅਨੁਸਾਰ ਮਿਲਣੇ ਹਨ,
ਬਾਰੇ ਅਨੁਲੱਗ ਵਿੱਚ ਦਰਸਾਇਆ ਗਿਆ ਹੈ। ਠੇਕੇਦਾਰ ਨਾਲ ਰੇਟ ਤਹਿ ਕਰਦੇ ਸਮੇਂ ਇਨ੍ਹਾਂ ਕਿਰਤ ਕਾਨੂੰਨਾਂ
ਨੂੰ ਧਿਆਨ ਵਿੱਚ ਰੱਖ ਲਿਆ ਜਾਵੇ। ਠੇਕੇ ਤੇ ਕੰਮ ਕਰਾਉਣ ਕਰਕੇ ਵਿਭਾਗਾਂ ਤੇ ਕੰਟਰੈਕਟ ਲੇਬਰ ਐਕਟ,
1970 ਲਾਗੂ ਹੋ ਜਾਂਦਾ ਹੈ। ਜੇਕਰ 20 ਜਾਂ 20 ਤੋਂ ਵੱਧ ਕਰਮਚਾਰੀ ਠੇਕੇਦਾਰ ਰਾਹੀਂ ਕੰਮ ਤੇ ਲਗਾਏ ਗਏ
ਹੋਣ ਤਾਂ ਵਿਭਾਗ ਦੀ ਬਤੌਰ ਪ੍ਰਿੰਸੀਪਲ ਇੰਪਲਾਇਰ ਜ਼ੁੰਮੇਵਾਰੀ ਬਣ ਜਾਂਦੀ ਹੈ ਕਿ ਉਹ ਠੇਕੇਦਾਰ ਪਾਸੋਂ
ਕਿਰਤੀਆਂ ਨੂੰ ਕਿਰਤ ਕਾਨੂੰਨਾਂ ਅਧੀਨ ਬਣਦੇ ਲਾਭ ਦਿਵਾਉਣਾ ਸੁਨਿਸ਼ਚਿਤ ਕਰੇ, ਕਿਉਂਜੋ ਠੇਕੇਦਾਰ ਵੱਲੋਂ ਇਹ
ਲਾਭ ਨਾ ਦੇਣ ਤੇ ਸਬੰਧਤ ਵਿਭਾਗ ਨੂੰ ਦੇਣੇ ਪੈ ਸਕਦੇ ਹਨ।

3. ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਭਵਿੱਖ ਵਿੱਚ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਸ
ਠੇਕੇਦਾਰ ਵੱਲੋਂ ਕਿਰਤ ਕਾਨੂੰਨ ਅਨੁਸਾਰ ਕਿਰਤੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਨੂੰ ਧਿਆਨ ਵਿੱਚ ਨਾ ਰੱਖ ਕੇ
ਘੱਟ ਰੇਟ ਭਰੇ ਜਾਂਦੇ, ਉਸ ਦੀ ਕੁਟੇਸ਼ਨ ਮੌਕੇ ਤੇ ਹੀ ਰੱਦ ਕਰ ਦਿੱਤੀ ਜਾਵੇ ਅਤੇ ਜੋ ਠੇਕੇਦਾਰ ਕਾਨੂੰਨ ਅਨੁਸਾਰ
ਕਿਰਤੀਆਂ/ਕਰਮਚਾਰੀਆਂ ਨੂੰ ਸਾਰੇ ਲਾਭ ਦੇ ਸਕਦਾ ਹੈ, ਉਸ ਨਾਲ ਹੀ ਰੇਟ ਫਾਈਨਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ,

(ਐਸ. ਸੀ. ਅਗਰਵਾਲ)

ਸ੍ਰੀ ਐਸ. ਐਸ. ਰਾਜਪੂਤ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰਾਂ ਵਿਭਾਗ, ਚੰਡੀਗੜ੍ਹ।

## ਕਿਰਤ ਕਨੂੰਨਾਂ ਅਧੀਨ ਕਿਰਤੀਆਂ ਨੂੰ ਮਿਲਣ ਯੋਗ ਲਾਭ।

| ਲੜੀ ਨੰ | ਐਕਟ ਦਾ ਨਾਂ | ਮਿਲਣ ਵਾਲੇ ਲਾਭ | ਵਿਸ਼ੇਸ਼ ਕਥਨ |
|---|---|---|---|
| | ਈ ਪੀ ਐਫ, ਐਕਟ, 1952 ਐਡਮਿਨਸਟਰੇਟਿਵ ਚਾਰਜਿਜ਼, ਈ ਡੀ ਆਈ ਐਲ ਅਤੇ ਇੰਸਪੇਕਸ਼ਨ ਚਾਰਜਿਜ਼। | ਪ੍ਰਬੰਧਕਾਂ ਵੱਲੋਂ ਅੰਸ਼ਦਾਨ ਬੇਸਿਕ ਵੇਜ਼ ਦਾ 12% ਬਤੌਰ ਮਾਲਕ ਦਾ ਹਿੱਸਾ ਪ੍ਰੋਵੀਡੈਂਟ ਵਿਭਾਗ ਵਿਖੇ ਜਮ੍ਹਾਂ ਕਰਵਾਇਆ ਜਾਣਾ ਹੁੰਦਾ ਹੈ।<br><br>2 ਐਡਮਿਨਸਟ੍ਰੇਟਿਵ ਚਾਰਜ਼ਿਜ 1.61% ਹਨ। | ਈ ਪੀ ਐਫ ਐਕਟ, 1952 ਪ੍ਰਬੰਧਕਾਂ/ਠੇਕੇਦਾਰ ਕੋਲ 20 ਜਾਂ ਉਸਤੋਂ ਵੱਧ ਕਿਰਤੀ ਹੋਣ ਤੇ ਲਾਗੂ ਹੁੰਦਾ ਹੈ।<br>2. ਐਡਮਿਨਸਟ੍ਰੇਟਿਵ ਚਾਰਜਿਜ਼ ਵੀ ਪ੍ਰੋਵੀਡੈਂਟ ਵਿਭਾਗ ਪਾਸ ਜਮਾਂ ਕਰਵਾਉਣਾ ਹੁੰਦਾ ਹੈ। |
| 2 | ਈ. ਐਸ. ਆਈ. ਐਕਟ, 1948 | ਇਸ ਐਕਟ ਅਧੀਨ ਮਾਲਕ ਵੱਲੋਂ ਕਿਰਤੀ ਨੂੰ ਦਿੱਤੀ ਜਾਣ ਵਾਲੀ ਤਨਖਾਹ ਦਾ 4.75% ਪ੍ਰਤੀ ਅੰਸ਼ਦਾਨ ਦੀ ਰਕਮ ਮਾਲਕ ਵੱਲੋਂ ਈ ਐਸ ਆਈ ਵਿਭਾਗ ਪਾਸ ਜਮਾਂ ਕਰਵਾਉਣੀ ਹੁੰਦੀ ਹੈ। | ਇਹ ਐਕਟ 10 ਜਾਂ ਇਸ ਤੋਂ ਜਿਆਦਾ ਕਿਰਤੀ ਹੋਣ ਤੇ ਲਾਗੂ ਹੁੰਦਾ ਹੈ ਬਸ਼ਰਤੇ ਉਸ ਏਰੀਏ ਵਿੱਚ ਈ ਐਸ ਆਈ ਐਕਟ ਲਾਗੂ ਹੋਣ ਬਾਬਤ ਨੋਟੀਫਿਕੇਸ਼ਨ ਜਾਰੀ ਹੋਈ ਹੋਵੇ। |
| 3 | ਪੇਮੈਂਟ ਆਫ ਬੋਨਸ ਐਕਟ, 1965 | ਜਿਨ੍ਹਾਂ ਕਿਰਤੀਆਂ ਨੇ ਸਾਲ ਵਿੱਚ ਘੱਟੋ-ਘੱਟ 30 ਦਿਨ ਕੰਮ ਕੀਤਾ ਹੁੰਦਾ ਹੈ, ਉਨ੍ਹਾਂ ਨੂੰ ਮਾਲਕਾਂ ਵੱਲੋਂ ਘੱਟੋ ਘੱਟ 8.33 % ਅਤੇ ਵੱਧ ਤੋਂ ਵੱਧ 20% ਬੋਨਸ ਦੇਣਾ ਹੁੰਦਾ ਹੈ। | ਇਹ ਐਕਟ 10 ਜਾਂ ਇਸਤੋਂ ਵੱਧ ਕਿਰਤੀ ਹੋਣ ਤੇ ਲਾਗੂ ਹੁੰਦਾ ਹੈ ਅਤੇ ਦਿੱਤੇ ਜਾਣ ਵਾਲੇ ਬੋਨਸ ਦੀ ਪ੍ਰਤੀਸ਼ਤ ਐਕਟ ਦੀ ਉਪ ਧਾਰਾ ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ। |
| 4 | ਪੇਮੈਂਟ ਆਫ ਗਰੈਚੂਟੀ ਐਕਟ, 1972 | ਕਿਰਤੀ ਨੂੰ ਹਰ ਮੁਕੰਮਲ ਸਾਲ ਪਿੱਛੇ 15 ਦਿਨ ਦੀ ਤਨਖਾਹ ਬਤੌਰ ਗਰੈਚੂਟੀ ਪ੍ਰਬੰਧਕਾਂ ਵੱਲੋਂ ਦਿੱਤੀ ਜਾਣੀ ਬਣਦੀ ਹੈ। | ਗਰੈਚੂਟੀ ਐਕਟ 10 ਜਾਂ ਇਸਤੋਂ ਵੱਧ ਕਿਰਤੀ ਹੋਣ ਤੇ ਲਗਦਾ ਹੈ। ਕਿਰਤੀ ਦਾ 5 ਸਾਲ ਦਾ ਸੇਵਾ ਕਾਲ ਪੂਰਾ ਹੋਣ ਦੀ ਸੂਰਤ ਵਿੱਚ ਉਸਨੂੰ ਗਰੈਚੂਟੀ ਮਿਲਣ ਯੋਗ ਹੈ ਪ੍ਰੰਤੂ ਮੌਤ ਹੋਣ ਦੀ ਸੂਰਤ ਵਿੱਚ ਉਕਤ ਸ਼ਰਤ ਲਾਗੂ ਨਹੀਂ ਹੁੰਦੀ ਅਤੇ ਜਿੰਨਾ ਸੇਵਾ ਕਾਲ ਕਿਰਤੀ ਨੇ ਪੂਰਾ ਕੀਤਾ ਹੁੰਦਾ ਹੈ, ਉਸਦੇ ਹਿਸਾਬ ਨਾਲ ਗਰੈਚੂਟੀ ਦੇਣੀ ਬਣਦੀ ਹੈ। |
| 5 | ਮਟੈਰਨਿੱਟੀ ਬੈਨਿਫਿੱਟ ਐਕਟ, 1961 | ਇਸ ਐਕਟ ਅਧੀਨ ਇਸਤਰੀ ਕਾਮਿਆਂ ਨੂੰ 12 ਹਫਤੇ ਦੀ ਛੁੱਟੀ ਤਨਖਾਹ ਸਮੇਤ ਅਤੇ ਮੈਟਰਨਿੱਟੀ ਬੈਨੀਫਿੱਟ ਬੋਨਸ 2500/-ਰੁਪਏ ਮਾਲਕ ਵੱਲੋਂ ਦੇਣੀ ਹੁੰਦੀ ਹੈ। | ਜਿਥੇ ਈ ਐਸ ਆਈ ਐਕਟ ਲਾਗੂ ਨਹੀਂ ਹੁੰਦਾ ਉਥੇ ਮਟੈਰਨਿੱਟੀ ਬੈਨਿਫਿੱਟ ਐਕਟ ਲਾਗੂ ਹੁੰਦਾ ਹੈ। |
| 6 | ਸਰਵਿਸ ਟੈਕਸ | ਸਰਕਾਰ ਵੱਲੋਂ ਜੋ ਵੀ ਸਮੇਂ ਸਮੇਂ ਤੇ ਸਰਵਿਸ ਟੈਕਸ ਨਿਰਧਾਰਿਤ ਕੀਤਾ ਜਾਂਦਾ ਹੈ। ਉਹ ਅਦਾ ਕਰਨ ਯੋਗ ਹੈ। ਮੌਜੂਦਾ ਸਮੇਂ ਇਹ ਟੈਕਸ 10.3% ਹੈ। | ਸਰਵਿਸ ਟੈਕਸ ਦੀ ਕਟੌਤੀ ਠੇਕੇਦਾਰ ਦੇ ਬਿੱਲ ਵਿੱਚੋਂ ਕੱਟਕੇ ਸਰਕਾਰ ਪਾਸ ਜਮਾਂ ਕਰਵਾਈ ਜਾਂਦੀ ਹੈ। |
| 7 | ਸਰਵਿਸ ਚਾਰਜ਼ਿਜ | ਜੋ ਸਰਵਿਸ ਪ੍ਰੋਵਾਈਡਰ ਨਾਲ ਤਹਿ ਕੀਤੇ ਗਏ ਹੋਣ। | ਸਰਵਿਸ ਚਾਰਜਿਜ਼ ਵਿਭਾਗ ਅਤੇ ਠੇਕੇਦਾਰ ਵਿਚਕਾਰ ਇਕਰਾਰਨਾਮੇ ਰਾਂਹੀ ਤਹਿ ਕੀਤੇ ਜਾਂਦੇ ਹਨ। |

09:16p Chief Eng. ...

ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-4 ਸ਼ਾਖਾ)

DDLG ....................
D.O. Receipt ....................
Supdt ....................
Asstt./Insp. ....................

ਮਿਤੀ,ਚੰਡੀਗੜ੍ਹ:- 11/8/2011

ਪਿੱਠਅੰਕਣ ਨੰ: 1/12/11-4 ਸਸ4/ 2157

ਇਕ ਉਤਾਰਾ ਹੇਠ-ਲਿਖਿਆਂ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

1. ਕਮਿਸ਼ਨਰ, ਨਗਰ ਨਿਗਮ, ਲੁਧਿਆਣਾ, ਅੰਮ੍ਰਿਤਸਰ,ਜਲੰਧਰ, ਪਟਿਆਲਾ, ਬਠਿੰਡਾ ਅਤੇ ਮੋਹਾਲੀ।
2. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਲੁਧਿਆਣਾ,ਅੰਮ੍ਰਿਤਸਰ,ਜਲੰਧਰ, ਪਟਿਆਲਾ,
3. ਬਠਿੰਡਾ ਅਤੇ ਮੋਹਾਲੀ।

ਸੁਪਰਡੰਟ

ਦਫਤਰ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ।

ਪਿੱਠਅੰਕਣ ਨੰ: ਪ੍ਰਬੰਧਕ-II/14282-14320 ਮਿਤੀ: 16/9/11

[illegible handwritten endorsement text]

ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪਟਿਆਲਾ।